ਪੰਜਾਬ ਸਰਕਾਰ
ਸਹਾਇਤਾ ਅਤੇ ਮੁੜ ਸਥਾਪਨ ਵਿਭਾਗ
(ਆਰ.ਆਰ.ਸ਼ਾਖਾ)

ਸੇਵਾ ਵਿਖੇ

ਸਮੂਹ ਡਿਪਟੀ ਕਮਿਸ਼ਨਰਜ਼,
ਪੰਜਾਬ ਸਰਕਾਰ।

ਮੀਮੋ ਨੰ: 5/32/2000-ਆਰ.ਆਰ.4/ 3338
ਮਿਤੀ, ਚੰਡੀਗੜ੍ਹ 5/3/2001

ਵਿਸ਼ਾ: ਤਰਸ ਦੇ ਆਧਾਰ ਤੇ ਨੌਕਰੀਆਂ ਦੇਣ ਸਬੰਧੀ।

ਪ੍ਰਸੋਨਲ ਅਤੇ ਪ੍ਰਬੰਧਕੀ ਵਿਭਾਗ ਵੱਲੋਂ ਆਪਣੇ ਪੱਤਰ ਨੰ: 11/105/98-2ਪੀਪੀ.1/10606, ਮਿਤੀ 25.8.2000 ਰਾਹੀਂ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ ਕਿ ਉਨ੍ਹਾਂ ਸਾਰੇ ਮ੍ਰਿਤਕਾਂ ਦੇ ਵਾਰਸ ਜੋ ਹੁਣ ਤੱਕ ਨੌਕਰੀਆਂ ਲਈ ਅਰਜ਼ੀਆਂ ਨਹੀਂ ਦੇ ਸਕੇ, ਹੁਣ ਪੱਤਰ ਜਾਰੀ ਹੋਣ ਤੋਂ 6 ਮਹੀਨੇ ਦੇ ਅੰਦਰ ਅੰਦਰ ਨੌਕਰੀ ਲਈ ਅਰਜ਼ੀਆਂ ਦੇ ਸਕਦੇ ਹਨ। ਇਸ ਦੇ ਸਬੰਧ ਵਿੱਚ ਆਪ ਨੂੰ ਪਹਿਲਾਂ ਮੇਰੇ ਵਲੋਂ ਪੱਤਰ ਲਿਖਿਆ ਗਿਆ ਸੀ (ਕਾਪੀ ਨੱਥੀ ਹੈ) ਕਿ ਸਰਕਾਰ ਦੇ ਇਸ ਫੈਸਲੇ ਵੱਲ ਨਿੱਜੀ ਧਿਆਨ ਦਿੱਤਾ ਜਾਵੇ ਅਤੇ ਇਸ ਨੂੰ ਹੇਠਲੇ ਪੱਧਰ ਦੇ ਸਟਾਫ਼ ਤੇ ਨਾ ਛੱਡਿਆ ਜਾਵੇ।

2. ਡਾਇਰੈਕਟਰ, ਸਹਾਇਤਾ ਅਤੇ ਮੁੜ ਸਥਾਪਨ ਵਿਭਾਗ ਜੀ ਵਲੋਂ ਇਸ ਸਬੰਧ ਵਿੱਚ ਕੁੱਝ ਜ਼ਿਲ੍ਹਿਆਂ ਦਾ ਦੌਰਾ ਕੀਤਾ ਗਿਆ ਹੈ। ਕੇਸਾਂ ਦੀ ਚੈਕਿੰਗ ਦੌਰਾਨ ਇਹ ਪਾਇਆ ਗਿਆ ਹੈ ਕਿ ਆਪ ਦੇ ਦਫ਼ਤਰ ਦੇ ਅਧਿਕਾਰੀਆਂ/ਕਰਮਚਾਰੀਆਂ ਵਲੋਂ ਇਸ ਵਿੱਚ ਕੋਈ ਚੁਸਤੀ ਨਹੀਂ ਦਿਖਾਈ ਜਾ ਰਹੀ ਹੈ, ਜਿਸ ਕਾਰਨ ਸਰਕਾਰ ਵਲੋਂ ਹੁਣ ਇੱਕ ਵਾਰ ਦਿੱਤੇ ਗਏ ਹੋਰ ਅੰਤਿਮ ਮੌਕੇ ਦਾ ਮੰਤਵ ਪੂਰਾ ਨਹੀਂ ਹੁੰਦਾ। ਇਨ੍ਹਾਂ ਕੇਸਾਂ ਦੇ ਨਿਪਟਾਰੇ ਸਬੰਧੀ ਹੇਠ ਲਿਖੇ ਨੁਕਤਿਆਂ ਅਨੁਸਾਰ ਕਾਰਵਾਈ ਕੀਤੀ ਜਾਵੇ:-

1. ਇੱਕ ਪ੍ਰੈਸ ਨੋਟ ਜਾਰੀ ਕਰਵਾ ਕੇ ਪ੍ਰਾਰਥੀਆਂ ਨੂੰ ਦਫ਼ਤਰ ਵਿੱਚ ਨੌਕਰੀ ਦੇ ਸਬੰਧ ਵਿੱਚ ਲੋੜੀਂਦੇ ਕਾਗਜ਼ਾਤ ਮੁਕੰਮਲ ਕਰਨ ਲਈ ਬੁਲਾਇਆ ਜਾਵੇ ਅਤੇ ਉਨ੍ਹਾਂ ਨੂੰ ਨਿੱਜੀ ਪੱਧਰ ਤੇ ਸੁਣਿਆ ਜਾਵੇ।

2. ਰਿਜੈਕਟ ਕੀਤੇ ਗਏ ਕੇਸਾਂ ਵਿੱਚ ਪ੍ਰਾਰਥੀਆਂ ਨੂੰ ਨਿੱਜੀ ਪੱਧਰ ਤੇ ਸੁਣਿਆ ਜਾਵੇ ਅਤੇ ਇਸ ਸਬੰਧੀ ਸਪਸ਼ਟ ਕਾਰਨ ਦਸਦੇ ਹੋਏ ਕੇਸ ਦਾਖਲ ਦਫ਼ਤਰ ਕਰਨ ਸਬੰਧੀ ਸੂਚਿਤ ਕੀਤਾ ਜਾਵੇ।

3. ਜਿਨ੍ਹਾਂ ਕੇਸਾਂ ਵਿੱਚ ਪਾਈਆਂ ਗਈਆਂ ਖਾਮੀਆਂ ਨੂੰ ਦੂਰ ਕਰਨ ਲਈ ਰਿਪੋਰਟ ਲੈਣ ਲਈ ਐਸ.ਡੀ.ਐਮ. ਨੂੰ ਲਿਖਿਆ ਜਾਂਦਾ ਹੈ, ਉਸ ਦਾ ਦੁਬਾਰਾ ਰੀਵਿਊ ਨਹੀਂ ਕੀਤਾ ਜਾਂਦਾ। ਐਸ.ਡੀ.ਐਮ. ਦੇ ਦਫ਼ਤਰ ਵਲੋਂ ਇਨ੍ਹਾਂ ਕੇਸਾਂ ਸਬੰਧੀ ਰਿਪੋਰਟ ਮਿੱਥੇ ਸਮੇਂ ਵਿੱਚ ਮੰਗਵਾਈ ਜਾਵੇ ਤਾਂ ਕਿ ਅਜਿਹੇ ਕੇਸਾਂ ਵਿੱਚ ਬੇਲੋੜੀ ਦੇਰੀ ਨਾ ਹੋ ਸਕੇ।

4. ਇਹ ਬੇਹਤਰ ਹੋਵੇਗਾ ਕਿ ਜੇਕਰ ਲੰਬਿਤ ਪਏ ਕੇਸਾਂ ਵਿੱਚ ਸਬੰਧਤ ਪ੍ਰਾਰਥੀਆਂ ਨੂੰ ਨਿੱਜੀ ਪੱਧਰ ਤੇ ਬੁਲਾ ਕੇ ਸੁਣਿਆ ਜਾਵੇ ਅਤੇ ਕੇਸਾਂ ਦੇ ਲੰਬਿਤ ਹੋਣ ਦੇ ਕਾਰਨਾਂ ਨੂੰ ਮੌਕੇ ਤੇ ਹੀ ਦੂਰ ਕੀਤਾ ਜਾਵੇ। ਇਹ ਮੀਟਿੰਗ ਬੁਲਾਉਣ ਤੋਂ ਪਹਿਲਾਂ ਲੰਬਿਤ ਪਏ ਕੇਸਾਂ ਦੀ ਵਿਸਥਾਰ ਪੂਰਬਕ ਸੂਚੀ ਤਿਆਰ ਕਰ ਲਈ ਜਾਵੇ ਤਾਂ ਜੋ ਮੀਟਿੰਗ ਸਮੇਂ ਕੋਈ ਮੁਸ਼ਕਲ ਪੇਸ਼ ਨਾ ਆਵੇ।

3. ਇਸ ਤੋਂ ਇਲਾਵਾ ਜਿਹੜੇ ਕੇਸ ਮੁਕੰਮਲ ਪਾਏ ਗਏ ਹਨ, ਉਨ੍ਹਾਂ ਬਾਰੇ ਵੀ ਕੋਈ ਤਸੱਲੀਬਖਸ਼ ਕਾਰਵਾਈ ਨਹੀਂ ਕੀਤੀ ਜਾ ਰਹੀ ਹੈ। ਇਸ ਸਬੰਧੀ ਆਪਣੇ ਜ਼ਿਲ੍ਹੇ ਦੇ ਵਿਭਾਗਾਂ ਪਾਸੋਂ ਖਾਲੀ ਪਈਆਂ ਆਸਾਮੀਆਂ ਬਾਰੇ ਸੂਚਨਾਂ ਮੰਗੀ ਜਾਵੇ ਅਤੇ ਯੋਗ ਬਿਨੈਕਾਰਾਂ ਦੇ ਨਾਂ ਨੌਕਰੀ ਲਈ ਭੇਜਣ ਸਮੇਂ ਵਿਭਾਗਾਂ ਨੂੰ ਮਿੱਥੇ ਸਮੇਂ ਅੰਦਰ ਨਿਯੁਕਤੀ ਪੱਤਰ ਜਾਰੀ ਕਰਨ ਲਈ ਲਿਖਿਆ ਜਾਵੇ।

4. ਉਪਰੋਕਤ ਨੁਕਤਿਆਂ ਸਬੰਧੀ ਪੂਰੀ ਤਵੱਜੋਂ ਦਿੱਤੀ ਜਾਵੇ ਅਤੇ ਇਸ ਸਬੰਧ ਵਿੱਚ ਆਪਣੀ ਡਿਟੇਲਡ ਰਿਪੋਰਟ ਸਕੱਤਰ, ਸਹਾਇਤਾ ਅਤੇ ਮੁੜ ਸਥਾਪਨ ਵਿਭਾਗ ਨੂੰ ਮਿਤੀ 30.3.2001 ਤੱਕ ਹਰ ਹਾਲਤ ਵਿੱਚ ਭੇਜੀ ਜਾਵੇ।

ਮੁੱਖ ਸਕੱਤਰ, ਪੰਜਾਬ ਸਰਕਾਰ।